Punjabi | ਪੰਜਾਬੀ

NSW STATE EMERGENCY SERVICE

# ਤੂਫ਼ਾਨਾਂ ਤੋਂ ਬਾਅਦ ਸੁਰੱਖਿਅਤ ਰਹੋ

## ਤਾਜ਼ਾ ਜਾਣਕਾਰੀ ਰੱਖੋ

ਤੂਫ਼ਾਨ ਦੇ ਲੰਘ ਜਾਣ 'ਤੇ ਮੌਸਮ ਵਿਗਿਆਨ ਬਿਊਰੋ **ਗੰਭੀਰ ਮੌਸਮ ਦੀ ਚੇਤਾਵਨੀ** ਜਾਂ **ਗੰਭੀਰ ਤੂਫ਼ਾਨ ਦੀ ਚੇਤਾਵਨੀ** ਨੂੰ ਰੱਦ ਕਰ ਦੇਵੇਗਾ।

NSW SES **ਸਲਾਹ ਜਾਰੀ ਕਰ ਸਕਦੀ ਹੈ: ਖ਼ਤਰਾ ਘੱਟ ਗਿਆ ਹੈ।**

ਜੇਕਰ ਤੁਸੀਂ ਪ੍ਰਭਾਵਿਤ ਖੇਤਰ ਨੂੰ ਛੱਡ ਦਿੱਤਾ ਹੈ, ਤਾਂ ਤੂਫ਼ਾਨ ਲੰਘ ਜਾਣ ਤੋਂ ਬਾਅਦ ਸਾਵਧਾਨੀ ਨਾਲ ਵਾਪਸ ਚਲੇ ਜਾਓ।





## ਜੇ ਤੁਹਾਡਾ ਘਰ ਪ੍ਰਭਾਵਿਤ ਹੋਇਆ ਸੀ

ਜੇਕਰ ਤੁਹਾਨੂੰ ਐਮਰਜੈਂਸੀ ਵਿੱਚ ਸਹਾਇਤਾ ਦੀ ਲੋੜ ਹੈ ਤਾਂ NSW SES ਨੂੰ 132 500 'ਤੇ ਫ਼ੋਨ ਕਰੋ।

ਗੈਸ ਅਤੇ ਬਿਜਲੀ ਕੁਨੈਕਸ਼ਨਾਂ ਸਮੇਤ ਆਪਣੇ ਘਰ, ਕਾਰੋਬਾਰ ਅਤੇ ਜਾਇਦਾਦ ਲਈ ਸੁਰੱਖਿਆ ਜਾਂਚ ਅਤੇ ਮੁਰੰਮਤ ਦਾ ਪ੍ਰਬੰਧ ਕਰੋ।

### ਆਪਣੀ ਜਾਇਦਾਦ ਨੂੰ ਹੋਏ ਨੁਕਸਾਨ ਦਾ ਮੁਲਾਂਕਣ ਕਰਨ ਲਈ ਪੇਸ਼ੇਵਰਾਂ ਨਾਲ ਸੰਪਰਕ ਕਰੋ, ਉਦਾਹਰਨ ਲਈ:

- ਇਮਾਰਤ ਉਸਾਰਨ ਵਾਲਾ (ਬਿਲਡਰ)
- ਟਾਈਲਾਂ ਲਗਾਉਣ ਵਾਲਾ
- ਰੁੱਖਾਂ ਦਾ ਡਾਕਟਰ (ਆਰਬੋਰਿਸਟ)
- ਪਾਈਪਾਂ ਵਾਲਾ ਮਿਸਤਰੀ (ਪਲੰਬਰ)
- ਸੰਬੰਧਿਤ ਕਾਰੀਗਰ

ਜੇਕਰ ਤੁਸੀਂ ਕਿਰਾਏ 'ਤੇ ਰਹਿੰਦੇ ਹੋ, ਤਾਂ ਕਿਸੇ ਵੀ ਜ਼ਰੂਰੀ ਮੁਰੰਮਤ ਲਈ ਆਪਣੇ ਮਕਾਨ ਮਾਲਕ ਨਾਲ ਸੰਪਰਕ ਕਰੋ।

ਆਪਣੀ ਬੀਮਾ ਕੰਪਨੀ ਨਾਲ ਸੰਪਰਕ ਕਰੋ।



ਜਾਨ-ਲੇਵਾ ਸਥਿਤੀਆਂ ਵਿੱਚ **ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ**

ਹੜ੍ਹ, ਤੂਫ਼ਾਨ ਅਤੇ ਸੁਨਾਮੀ ਲਈ ਐਮਰਜੈਂਸੀ ਵਿੱਚ ਸਹਾਇਤਾ ਵਾਸਤੇ **NSW SES** ਨੂੰ **132 500 'ਤੇ ਫ਼ੋਨ ਕਰੋ।**

**www.ses.nsw.gov.au/languages**

@NSWSES NSWSES NSWSES